# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

## ਗਰਭਵਤੀ ਮਹਿਲਾਵਾਂ ਤੇ ਕੈਂਸਰ ਪੀੜਤਾਂ ਨੂੰ ਪਰੀਖਿਆ ਡਿਊਟੀ ਤੋਂ ਛੋਟ ਦੇਣ ਦਾ ਫੈਸਲਾ

ਐੱਸ.ਏ.ਐੱਸ.ਨਗਰ 27 ਫਰਵਰੀ (     ) ਅੱਜ ਸ਼ੁਰੂ ਹੋਣ ਜਾ ਰਹੀਆਂ ਬਾਰ੍ਹਵੀਂ ਦੀਆਂ ਸਲਾਨਾ ਪਰੀਖਿਆ ਲਈ ਹਰ ਤਰ੍ਹਾਂ ਦੇ ਪੁਖਤਾ ਇੰਤਜ਼ਾਮ ਕਰਨ ਅਤੇ ਪ੍ਰਬੰਧਾਂ ਤੇ ਸਮੱਸਿਆਵਾਂ ਵੱਲ ਲਗਾਤਾਰ ਨਜ਼ਰ ਰੱਖਦਿਆਂ ਸਿੱਖਿਆ ਬੋਰਡ ਦੇ ਸਕੱਤਰ ਸ਼੍ਰੀਮਤੀ ਹਰਗੁਣਜੀਤ ਕੌਰ ਪੀ.ਸੀ.ਐਸ. ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਰ੍ਹਵੀਂ ਦੀਆਂ ਪਰੀਖਿਆਵਾਂ 'ਚ ਪਰੀਖਿਆ ਕੇਂਦਰਾਂ 'ਤੇ ਤਾਇਨਾਤ ਅਮਲੇ ਦੀ ਤਾਇਨਾਤੀ, ਜ਼ਿੰਮੇਵਾਰੀ ਅਤੇ ਜਵਾਬਦੇਹੀ ਨਿਸ਼ਚਿਤ ਕੀਤੀ ਗਈ ਹੈ। ਉਹਨਾਂ ਕਿਹਾ ਪਰੀਖਿਆ ਕੇਂਦਰਾਂ ਤੇ ਤਾਇਨਾਤ ਅਮਲੇ ਨੂੰ ਪੂਰੀ ਮੁਸਤੈਦੀ ਅਤੇ ਗੰਭੀਰਤਾ ਨਾਲ ਡਿਊਟੀ ਦੇਣ ਲਈ ਵਿਭਾਗ ਵੱਲੋਂ ਸਖਤ ਹੁਕਮ ਕੀਤੇ ਗਏ ਹਨ। ਬੋਰਡ ਸਕੱਤਰ ਨੇ ਕਿਹਾ ਕਿ ਨਿਗਰਾਨ ਅਮਲੇ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਵੱਲ ਧਿਆਨ ਦਿੰਦਿਆਂ ਬੋਰਡ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਗਰਭਵਤੀ ਮਹਿਲਾਵਾਂ, ਕੈਂਸਰ ਪੀੜਤਾਂ ਅਤੇ ਸੇਵਾ ਨਵਿਰਤੀ ਦੀ ਹੱਦ ਪਾਰ ਕਰਨ ਪਿੱਛੋਂ ਅਗਲੇ ਵਾਧੇ 'ਤੇ ਚੱਲ ਰਹੇ ਅਧਿਆਪਕਾਂ, ਕਰਮਚਾਰੀਆਂ ਨੂੰ ਢੁੱਕਵੇਂ/ਲੋੜੀਂਦੇ ਦਸਤਾਵੇਜ਼ਾਂ ਦੇ ਅਧਾਰ ਤੇ ਵਿਭਾਗੀ ਪ੍ਰਵਾਨਗੀ ਲੈਣ ਉਪਰੰਤ ਪਰੀਖਿਆਵਾਂ ਦੀ ਡਿਊਟੀ ਤੋਂ ਛੋਟ ਦੇਣ ਦਾ ਫੈਸਲਾ ਕੀਤਾ ਹੈ।

ਮਿਤੀ: 27.02.2018

ਕੋਮਲ ਸਿੰਘ
ਲੋਕ ਸੰਪਰਕ ਦਫਤਰ
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner